# 15th Meeting of the Working Mechanism for Consultation & Coordination on India-China Border Affairs

June 24, 2020

.......................................................................................................................|

## ਭਾਰਤ-ਚੀਨ ਸਰਹੱਦੀ ਮਾਮਲਿਆਂ ਬਾਰੇ ਸਲਾਹ ਮਸ਼ਵਰਾ ਅਤੇ ਤਾਲਮੇਲ ਕਾਰਜ ਤੰਤਰ ਦੀ 15ਵੀਂ ਬੈਠਕ

24 ਜੂਨ, 2020

1. ਭਾਰਤ-ਚੀਨ ਸਰਹੱਦੀ ਮਾਮਲਿਆਂ ਬਾਰੇ ਸਲਾਹ ਮਸ਼ਵਰਾ ਅਤੇ ਤਾਲਮੇਲ ਕਾਰਜ ਤੰਤਰ ਦੀ 15ਵੀਂ ਬੈਠਕ 24 ਜੂਨ, 2020 ਨੂੰ ਵੀਡੀਓ-ਕਾਨਫਰੰਸ ਰਾਹੀਂ ਹੋਈ। ਭਾਰਤੀ ਵਫਦ ਦੀ ਅਗਵਾਈ ਸੰਯੁਕਤ ਸਕੱਤਰ (ਪੂਰਬ ਏਸ਼ੀਆ) ਨੇ ਕੀਤੀ, ਜਦਕਿ ਚੀਨੀ ਵਫਦ ਦੀ ਅਗਵਾਈ ਚੀਨੀ ਵਿਦੇਸ਼ ਮੰਤਰਾਲੇ ਦੇ ਸਰਹੱਦੀ ਅਤੇ ਸਮੁੰਦਰੀ ਮਾਮਲੇ ਵਿਭਾਗ ਦੇ ਡਾਇਰੈਕਟਰ ਜਨਰਲ ਨੇ ਕੀਤੀ।

2. ਦੋਵਾਂ ਪੱਖਾਂ ਨੇ ਭਾਰਤ-ਚੀਨ ਸਰਹੱਦੀ ਖੇਤਰਾਂ ਅੰਦਰ ਹੋ ਰਹੀਆਂ ਘਟਨਾਵਾਂ, ਖਾਸ ਤੌਰ 'ਤੇ ਪੂਰਬੀ ਲੱਦਾਖ ਦੇ ਹਾਲਾਤ ਬਾਰੇ ਵਿਸਥਾਰ ਨਾਲ ਵਿਚਾਰ ਵਟਾਂਦਰੇ ਕੀਤੇ। ਭਾਰਤੀ ਪੱਖ ਨੇ ਪੂਰਬੀ ਲੱਦਾਖ ਵਿਚ ਹਾਲੀਆ ਘਟਨਾਵਾਂ 'ਤੇ ਆਪਣੀ ਚਿੰਤਾ ਜ਼ਾਹਰ ਕੀਤੀ, ਜਿੰਨਾਂ ਵਿੱਚ 15 ਜੂਨ ਨੂੰ ਗਲਵਾਨ ਵੈਲੀ ਖੇਤਰ ਵਿੱਚ ਹੋਏ ਹਿੰਸਕ ਟਕਰਾਅ ਵੀ ਸ਼ਾਮਲ ਸਨ, ਜਿਸ ਕਾਰਨ ਮੌਤਾਂ ਵੀ ਹੋਇਆਂ ਸਨ। ਇਸ ਸੰਬੰਧ ਵਿਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਦੋਨਾਂ ਧਿਰਾਂ ਨੂੰ ਸਖਤੀ ਨਾਲ ਅਸਲ ਕੰਟਰੋਲ ਰੇਖਾ ਦਾ ਸਨਮਾਨ ਕਰ ਇਸਦਾ ਪਾਲਣ ਕਰਨਾ ਚਾਹੀਦਾ ਹੈ।

3. ਦੋਨਾਂ ਧਿਰਾਂ ਨੇ ਪਿਛਲੇ ਹਫਤੇ ਹੋਈ ਵਿਦੇਸ਼ ਮੰਤਰੀ ਅਤੇ ਚੀਨੀ ਸਟੇਟ ਕੌਂਸਲਰ ਅਤੇ ਵਿਦੇਸ਼ ਮੰਤਰੀ ਮਹਾਮਹਿਮ ਵੈਂਗ ਯੀ ਵਿਚਕਾਰ ਹੋਈ ਗੱਲਬਾਤ ਨੂੰ ਯਾਦ ਕੀਤਾ ਅਤੇ ਇਸ ਗੱਲ ਦੀ ਤਸਦੀਕ ਕੀਤੀ ਕਿ ਦੋਨਾਂ ਧਿਰਾਂ ਨੂੰ ਸੀਨੀਅਰ ਕਮਾਂਡਰਾਂ ਦੀ 6 ਜੂਨ ਦੀ ਬੈਠਕ ਵਿੱਚ ਡਿਸਇੰਗੇਜਮੈਂਟ ਅਤੇ ਡੀ-ਐਸਕੇਲੇਸ਼ਨ ਬਾਰੇ ਹੋਏ ਸਮਝੌਤੇ ਨੂੰ ਇਮਾਨਦਾਰੀ ਨਾਲ ਲਾਗੂ ਕਰਨਾ ਚਾਹੀਦਾ ਹੈ। ਦੋਵਾਂ ਵਫਦਾਂ ਨੇ ਇਸ ਗੱਲ 'ਤੇ ਸਹਿਮਤੀ ਪ੍ਰਗਟਾਈ ਕਿ ਦੁਵੱਲੇ ਸਮਝੌਤਿਆਂ ਅਤੇ ਪ੍ਰੋਟੋਕਾਲਾਂ ਅਨੁਸਾਰ ਇਸ ਸਮਝੌਤੇ ਨੂੰ ਤੇਜ਼ੀ ਨਾਲ ਲਾਗੂ ਕਰਨ ਸਦਕਾ ਸਰਹੱਦੀ ਖੇਤਰਾਂ ਵਿੱਚ ਅਮਨ ਅਤੇ ਸ਼ਾਂਤੀ ਅਤੇ ਦੋਵਾਂ ਦੇਸ਼ਾਂ ਦਰਮਿਆਨ ਵਿਆਪਕ ਸਬੰਧਾਂ ਦੇ ਵਿਕਾਸ ਨੂੰ ਯਕੀਨੀ ਬਣਾਉਣ ਵਿੱਚ ਮਦਦ ਮਿਲੇਗੀ। ਇਸ ਪ੍ਰਸੰਗ ਵਿੱਚ ਉਨ੍ਹਾਂ ਨੇ 22 ਜੂਨ ਨੂੰ ਹੋਈ ਸੀਨੀਅਰ ਕਮਾਂਡਰਾਂ ਦੀ ਦੂਜੀ ਬੈਠਕ ਵਿੱਚ ਕੀਤੀ ਗਏ ਵਿਚਾਰ ਵਟਾਂਦਰੇ ਦਾ ਵੀ ਨੋਟਿਸ ਲਿਆ।

4. ਦੋਨਾਂ ਧਿਰਾਂ ਨੇ ਮੌਜੂਦਾ ਹਾਲਾਤ ਨਾਲ ਸ਼ਾਂਤੀਪੂਰਵਕ ਨਜਿੱਠਣ ਲਈ WMCC ਦੇ ਢਾਂਚੇ ਸਣੇ ਕੂਟਨੀਤਕ ਅਤੇ ਫੌਜੀ, ਦੋਨਾਂ ਪੱਧਰਾਂ 'ਤੇ ਸੰਵਾਦ ਬਣਾਈ ਰੱਖਣ ਉੱਤੇ ਵੀ ਸਹਿਮਤੀ ਪ੍ਰਗਟ ਕੀਤੀ।

ਨਵੀਂ ਦਿੱਲੀ
24 ਜੂਨ, 2020

DISCLAIMER: This is an approximate translation. The original is available in English on MEA's website and may be referred to as the official press release.